# ਕਾਨੂੰਨ ਲਾਗੂ ਕਰਨ ਵਾਲੇ ਮੁਕਾਬਲੇ: ਆਪਣੇ ਹੱਕਾਂ ਬਾਰੇ ਜਾਣੋ

## ਤੁਹਾਡੇ ਕੰਮ ਵਾਲੀ ਥਾਂ 'ਤੇ



- ਜੇਕਰ ਤੁਹਾਨੂੰ ਰੋਕਿਆ ਜਾਂਦਾ ਹੈ, **ਨਾ ਭੱਜੋ** ਅਤੇ **ਨਾ ਹੀ ਗਲਤ ਜਾਣਕਾਰੀ ਦਿਓ**।
- ਜੇਕਰ ਤੁਹਾਨੂੰ ਸਵਾਲ ਪੁੱਛੇ ਜਾਂਦੇ ਹਨ, ਤਾਂ ਕਹੋ 'ਮੈਂ ਚੁੱਪ **ਰਹਿਣਾ ਚਾਹੁੰਦਾ/ਚਾਹੁੰਦੀ ਹਾਂ ਅਤੇ ਕਿਸੇ ਵਕੀਲ ਨਾਲ ਗੱਲ ਕਰੋ**।"
- ਆਪਣੀ **ਇਮੀਗ੍ਰੇਸ਼ਨ ਸਥਿਤੀ** ਬਾਰੇ ਸਵਾਲਾਂ ਦੇ ਜਵਾਬ ਨਾ ਦਿਓ ਜਾਂ ਆਪਣੀ ਇਮੀਗ੍ਰੇਸ਼ਨ ਸਥਿਤੀ ਬਾਰੇ ਖੁਲਾਸਾ ਨਾ ਕਰੋ।

## ਤੁਹਾਡੇ ਘਰੇ



- ਜੇਕਰ ICE ਏਜੰਟ ਤੁਹਾਡੇ ਘਰ ਆਉਂਦੇ ਹਨ, ਤਾਂ **ਦਰਵਾਜ਼ਾ ਨਾ ਖੋਲ੍ਹੋ**।
- ਨਿਆਂਇਕ ਵਾਰੰਟ ਦੇਖਣ ਦੀ ਮੰਗ ਕਰੋ। ICE ਨੂੰ ਦਰਵਾਜ਼ੇ ਜਾਂ ਖਿੜਕੀ ਦੇ ਹੇਠੋਂ ਖਿਸਕਾਉਣ ਲਈ ਕਹੋ।
- ਜੇਕਰ ਉਹਨਾਂ ਕੋਲ ਵਾਰੰਟ ਨਹੀਂ ਹੈ, ਤਾਂ **ਉਹਨਾਂ ਦੇ ਸਵਾਲਾਂ ਦੇ ਜਵਾਬ ਨਾ ਦਿਓ**। ਕਹੋ "ਮੈਂ ਤੁਹਾਡੇ ਅੰਦਰ ਆਉਣ ਨਾਲ ਸਹਿਮਤ ਨਹੀਂ ਹਾਂ।"
- ਜੇਕਰ ਉਨ੍ਹਾਂ ਕੋਲ ਵਾਰੰਟ ਹੈ, ਤਾਂ ਚੈੱਕ ਕਰੋ ਕਿ ਇਸ 'ਤੇ **ਜੱਜ ਵੱਲੋਂ ਦਸਤਖ਼ਤ ਕੀਤੇ ਹੋਏ ਹਨ**। ਜੇਕਰ ਅਜਿਹਾ ਨਹੀਂ ਹੈ, ਤਾਂ ਅੰਦਰ ਆਉਣ ਜਾਂ ਸਵਾਲਾਂ ਦੇ ਜਵਾਬ ਦੇਣ ਲਈ ਸਹਿਮਤੀ ਨਾ ਦਿਓ।
- ਜੇਕਰ ਉਨ੍ਹਾਂ ਕੋਲ ਜੱਜ ਦੁਆਰਾ ਦਸਤਖ਼ਤ ਕੀਤਾ ਹੋਇਆ ਵਾਰੰਟ ਹੈ, ਤਾਂ ICE ਏਜੰਟ ਸਿਰਫ਼ ਵਾਰੰਟ ਵਿੱਚ **ਲਿਖੀ ਹੋਈ ਥਾਂ ਦੀ ਤਲਾਸ਼ੀ ਲੈ ਸਕਦੇ ਹਨ** ਜਾਂ ਵਾਰੰਟ ਵਿੱਚ **ਲਿਖੇ ਹੋਏ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਸਕਦੇ ਹਨ**।
- ਜੇਕਰ ਨਿਆਂਇਕ ਵਾਰੰਟ ਵਿੱਚ ਕਿਸੇ ਵਿਅਕਤੀ ਦਾ ਨਾਮ ਹੈ, ਤਾਂ **ਕੇਵਲ** ਉਸ ਵਿਅਕਤੀ ਨੂੰ ਹੀ ਹਿਰਾਸਤ ਵਿੱਚ ਲੈਣ ਲਈ ਘਰ ਤੋਂ ਬਾਹਰ ਭੇਜੋ। ਵਾਰੰਟ ਵਿੱਚ ਨਾਮ ਨਾ ਲਿਖੇ ਗਏ ਵਿਅਕਤੀਆਂ ਬਾਰੇ ਸਵਾਲਾਂ ਦੇ ਜਵਾਬ ਨਾ ਦਿਓ।
- ICE ਤੁਹਾਨੂੰ ਜੋ ਵੀ ਦਿੰਦਾ ਹੈ, ਉਸ 'ਤੇ ਕਿਸੇ ਵਕੀਲ ਨਾਲ ਗੱਲ ਕੀਤੇ ਬਿਨਾਂ **ਦਸਤਖ਼ਤ ਨਾ ਕਰੋ**।

ਪ੍ਰਵਾਸੀ ਸਰੋਤਾਂ ਦੀ ਸੂਚੀ ਲਈ ਇੱਥੇ ਕਲਿੱਕ ਕਰੋ

ICE ਐਮਰਜੈਂਸੀ ਹਾਟਲਾਈਨ: **DC** - (202) 335-1183
**MD & VA** - (888) 214-6016
**VA** - (855) 298-3271

WASHINGTON LAWYERS' COMMITTEE
FOR CIVIL RIGHTS AND URBAN AFFAIRS